# ਪ੍ਰਵੇਸ਼ਕਾ

ਬਿਰਤਾਂਤਕ ਰਚਨਾਵਾਂ ਦਾ ਬਿਰਤਾਂਤ-ਸ਼ਾਸਤਰੀ ਦ੍ਰਿਸ਼ਟੀ ਤੋਂ ਅਧਿਐਨ ਅਜੋਕੇ ਸਮਿਆਂ ਦੀ ਵਿਸ਼ੇਸ਼ ਪ੍ਰਾਪਤੀ ਹੈ । ਅਧਿਐਨ ਦੀ ਇਹ ਵਿਧੀ ਆਪਣੇ ਬੀਜ ਰੂਪ ਵਿੱਚ ਤਾਂ ਭਾਵੇਂ ਪੱਛਮ ਵਿੱਚ ਪਲੈਟੋ ਅਤੇ ਅਰਸਤੂ ਅਤੇ ਭਾਰਤ ਵਿੱਚ ਭਰਤਮੁਨੀ ਤੋਂ ਹੀ ਪ੍ਰਚਲਿਤ ਰਹੀ ਹੈ ਪਰ ਇਸਦਾ ਵਿਵਸਥਤ ਅਤੇ ਵਿਗਿਆਨ ਰੂਪ ਵੀਹਵੀਂ ਸਦੀ ਵਿੱਚ ਸਾਹਮਣੇ ਆਇਆ ਹੈ । ਵਲਾਦੀਮੀਰ ਪਰਾਪ ਸਮੇਤ ਰੂਸੀ ਰੂਪਵਾਦੀਆਂ, ਚੈਕ ਅਤੇ ਫਰਾਂਸੀਸੀ ਸੰਰਚਨਾਵਾਦੀਆਂ ਨੇ ਇਸ ਖੇਤਰ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ । ਅਮਰੀਕਾ ਦੀ ਨਵ-ਆਲੋਚਨਾ ਨੇ ਕਾਵਿਕ-ਬਿਰਤਾਂਤਾਂ ਦੇ ਅਧਿਐਨ ਵਿੱਚ ਵੀ ਦਿਲਚਸਪੀ ਵਿਖਾਈ । ਸਾਸਿਊਰ ਦੇ ਭਾਸ਼ਾਈ ਮਾਡਲ ਅਤੇ ਲੈਵੀ ਸਤਰੌਸ ਦੁਆਰਾ ਨਿਭਾਈ ਗਈ ਭੂਮਿਕਾ ਨੇ ਇਸ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਇਆ । ਉੱਤਰ-ਆਧੁਨਿਕਤਾਵਦੀਆਂ/ਉੱਤਰ-ਸੰਰਚਨਾਵਾਦੀਆਂ ਅਤੇ ਉੱਤਰ ਮਾਰਕਸਵਾਦੀਆਂ ਨੇ ਇਸ ਖੇਤਰ ਨੂੰ ਹੋਰ ਵਿਸ਼ਾਲ ਕੀਤਾ ਅਤੇ ਇਸਦੇ ਦਿਸ-ਹੱਦਿਆਂ ਨੂੰ ਫੈਲਾਉਣ ਹਿਤ ਉਲੇਖਯੋਗ ਯਤਨ ਕੀਤੇ ।

ਪੰਜਾਬੀ ਸਾਹਿਤ ਵਿੱਚ ਬਿਰਤਾਂਤਾਂ ਦੇ ਅਧਿਐਨ ਲਈ ਹਾਲੇ ਇਸ ਬੰਨੇ ਨਿੱਠਕੇ ਕੰਮ ਨਹੀਂ ਹੋ ਸਕਿਆ । ਅਜਿਹੇ ਕੁਝ ਯਤਨ ਗਲਪ ਦੇ ਖੇਤਰ ਵਿੱਚ ਤਾਂ ਹੋਏ ਹਨ ਪਰ ਬਿਰਤਾਂਤ-ਕਾਵਿ ਦਾ ਖੇਤਰ ਇਸ ਪੱਖੋਂ ਲਗਭਗ ਅਛੋਹ ਖੇਤਰ (Virgin Territory) ਹੀ ਹੈ । ਵਿਚਾਰਾਧੀਨ ਵਿਸ਼ਾ ਕਥਾ ਪੂਰਨ ਭਗਤ ਦਾ ਬਿਰਤਾਂਤ ਸ਼ਾਸਤਰੀ ਅਧਿਐਨ ਕਾਦਰਯਾਰ ਰਚਿਤ 'ਕਿੱਸਾ ਪੂਰਨ ਭਗਤ', ਪ੍ਰੋ: ਪੂਰਨ ਸਿੰਘ ਰਚਿਤ, 'ਪੂਰਨ ਨਾਥ ਜੋਗੀ' ਅਤੇ ਸ਼ਿਵ ਕੁਮਾਰ ਰਚਿਤ 'ਲੂਣਾ' ਦੇ ਵਿਸ਼ੇਸ਼ ਸੰਦਰਭ ਵਿੱਚ, -ਇਸ ਪਾਸੇ ਵਲ ਪੁੱਟਿਆ ਗਿਆ ਇਕ ਕਦਮ ਹੈ । ਇਸ ਅਧਿਐਨ ਵਿੱਚ ਮੇਰੇ ਸਾਹਮਣੇ ਕਈ ਵੰਗਾਰਾਂ ਹਨ । ਪਹਿਲੀ ਵੰਗਾਰ ਤਾਂ ਇਹ ਹੈ ਕਿ ਇਸ ਕਿਸਮ ਦੇ ਅਧਿਐਨ ਦਾ ਕੋਈ ਮਾਡਲ ਉਪਲਬਧ ਨਹੀਂ ਸੀ । ਦੂਜੇ ਇਨ੍ਹਾਂ ਕਾਵਿ-ਬਿਰਤਾਂਤਾਂ ਦੀਆਂ ਵਿਧਾਵਾਂ ਭਿੰਨ ਭਿੰਨ ਹਨ । ਜੇ ਇਕ ਬਿਰਤਾਂਤ ਸੀਹਰਫ਼ੀ ਅਤੇ ਬੈਂਤ ਛੰਦ ਵਿੱਚ ਹੈ, ਦੂਜਾ ਰੂਪ ਸੈਲਾਨੀ ਛੰਦ ਵਿੱਚ ਵਾਲਾ ਅਤੇ ਤੀਜਾ ਮਹਾਂਕਾਵਿ/ਕਾਵਿ-ਨਾਟ/ਨਾਟ-ਕਾਵਿ ਦੇ ਰਲਵੇ ਮਿਲਵੇਂ ਗੁਣ ਰਖਦਾ ਹੈ । ਇਨ੍ਹਾਂ ਕਾਵਿ ਵਿਧਾਵਾਂ ਦੇ

ਆਪਣੇ ਕਾਵਿ-ਸ਼ਾਸਤਰੀ ਨਿਯਮ ਹਨ । ਇਸ ਲਈ ਅਜੋਕੇ ਬਿਰਤਾਂਤ ਸ਼ਾਸਤਰ ਅਨੁਸਾਰ ਅਧਿਐਨ ਕਰਦਿਆਂ ਇਨ੍ਹਾਂ ਦੇ ਇਸ ਕਾਵਿ-ਸ਼ਾਸਤਰ ਨੂੰ ਵੀ ਅੱਖੋਂ-ਪਰੋਖੇ ਕਰਨਾ ਕਠਿਨ ਹੈ । ਤੀਜੇ ਬਿਰਤਾਂਤ-ਸ਼ਾਸਤਰ ਬਿਰਤਾਂਤ ਦਾ ਇਕ ਵਿਵਸਥਿਤ ਵਿਗਿਆਨ ਮੰਨਿਆ ਜਾਂਦਾ ਰਿਹਾ ਹੈ ਜਿਸਨੂੰ ਉੱਤਰ-ਆਧੁਨਿਕ ਬਿਰਤਾਂਤ ਸ਼ਾਸਤਰੀਆਂ ਨੇ ਖੋਜ ਤੋਂ ਕਾਢ, ਇਕਸੁਰਤਾ ਤੋਂ ਅਨੇਕਸੁਰਤਾ ਅਤੇ ਕਾਵਿ-ਸ਼ਾਸਤਰ ਤੋਂ ਰਾਜਨੀਤੀ ਵਿੱਚ ਬਦਲਕੇ ਬਿਰਤਾਂਤ ਦੀ ਸੰਰਚਨਾਤਮਕ ਹੋਂਦ ਨੂੰ ਵਿਰਚਨਾਤਮਕ ਬਣਾਕੇ ਰੱਖ ਦਿੱਤਾ । ਇਉਂ ਬਿਰਤਾਂਤਕ ਅਧਿਐਨ ਦੇ ਬਦਲਦੇ ਪਰਿਪੇਖ ਨੂੰ ਸਨਮੁੱਖ ਰੱਖਣਾ ਲਾਜ਼ਮੀ ਬਣ ਗਿਆ ।

ਇਸ ਅਧਿਐਨ ਦੇ ਪਹਿਲੇ ਅਧਿਆਇ ਵਿੱਚ ਬਿਰਤਾਂਤ-ਸ਼ਾਸਤਰੀ ਪਰਿਪੇਖ ਦੀ ਉਸਾਰੀ ਕੀਤੀ ਗਈ ਜਿਸ ਵਿੱਚ ਸੰਸਾਰ ਪ੍ਰਸਿੱਧ ਬਿਰਤਾਂਤ-ਸ਼ਾਸਤਰੀਆਂ/ਉੱਤਰ-ਆਧੁਨਿਕ ਬਿਰਤਾਂਤ ਸ਼ਾਸਤਰੀਆਂ ਦੀਆਂ ਮਿਆਰੀ ਪੁਸਤਕਾਂ ਤੋਂ ਲਾਭ ਉਠਾਇਆ ਗਿਆ ਹੈ । ਬਿਰਤਾਂਤ ਦੀ ਪਰਿਭਾਸ਼ਾ, ਬਿਰਤਾਂਤਕਤਾ, ਘਟਨਾਵਾਂ, ਬਿਰਤਾਂਤਕ ਸਮਾਂ/ਬਿਰਤਾਂਤਕ ਸਥਾਨ, ਬਿਰਤਾਂਤਕ ਪਾਤਰ, ਬਿਰਤਾਂਤਕ ਵਿਆਕਰਨ, ਬਿਰਤਾਂਤਕ ਫੋਕਸੀਕਰਨ ਆਦਿ ਅਨੇਕਾਂ ਪਹਿਲੂਆਂ ਸੰਬੰਧੀ ਨਿੱਠਕੇ ਵਿਚਾਰ ਕੀਤੀ ਗਈ ਹੈ । ਇਸ ਅਧਿਐਨ ਦੇ ਮੰਥਨ ਕਾਰਜ ਵਿੱਚ ਜੋ ਸੂਝ-ਮਾਡਲ ਮੇਰੇ ਹੱਥ ਆਇਆ ਉਸ ਅਨੁਸਾਰ ਬਿਰਤਾਂਤ ਦੇ ਖੇਤਰ ਵਿੱਚ ਸੂਖ਼ਮ ਤੋਂ ਸੂਖ਼ਮ ਗੱਲ ਵੀ ਨੋਟ ਕਰਨ ਯੋਗ ਪਾਈ ਗਈ । ਨਿੱਕੀ ਤੋਂ ਨਿੱਕੀ ਇਕਾਈ ਦੀ ਭਾਵਪੂਰਨਤਾ ਦੀ ਸਮਝ ਲੱਗੀ । ਕੋਈ ਬਿਰਤਾਂਤ ਭਾਵੇ ਕਿੰਨਾ ਵੀ ਢਿੱਲਾ ਕਿਉਂ ਨਾ ਹੋਵੇ ਉਸਦੀ ਕਿਸੇ ਵੀ ਇਕਾਈ ਨੂੰ ਫ਼ਜ਼ੂਲ ਨਹੀਂ ਆਖਿਆ ਜਾ ਸਕਦਾ । ਕਾਵਿ-ਪ੍ਰਵਚਨਾਂ ਵਿੱਚ ਵਿਸ਼ੇਸ਼ ਕਰਕੇ ਨਿਗੂਣੀਆਂ ਗੱਲਾਂ ਵੀ ਮਹੱਤਵ ਗ੍ਰਹਿਣ ਕਰਦੀਆਂ ਹਨ । ਕਾਵਿ-ਪ੍ਰਵਚਨ ਦਾ ਹਰ ਬੰਦ ਬਿਰਤਾਂਤਕ ਮਹੱਤਵ ਵਾਲੀਆਂ ਜੁਗਤਾਂ ਨੂੰ ਛੁਪਾਈ ਰੱਖਦਾ ਹੈ ਜਿਨ੍ਹਾਂ ਨੂੰ ਉਜਾਗਰ ਕਰਨਾ, ਬਿਰਤਾਂਤ-ਸ਼ਾਸਤਰੀ ਦਾ ਅਹਿਮ ਕਾਰਜ ਹੁੰਦਾ ਹੈ । ਬਿਰਤਾਂਤ-ਸ਼ਾਸਤਰੀ Raymonde Debray ਦੇ ਇਹ ਸ਼ਬਦ, ਜਿਨ੍ਹਾਂ ਦੀ ਪੁਸ਼ਟੀ ਜੈਨੇ ਵੀਂ ਕਰਦਾ ਹੈ, ਵੀ ਨਿਕਟ ਅਧਿਐਨ ਕਰਦਿਆਂ ਹਮੇਸ਼ਾ ਮੇਰੇ ਅੰਗ-ਸੰਗ ਰਹੇ ਕਿ ਫੋਕਸੀਕਰਨ ਦਾ ਕੋਈ ਇੱਕ ਫ਼ਾਰਮੂਲਾ ਕਿਸੇ ਵੀ ਸਮੁੱਚੀ ਰਚਨਾ ਤੇ ਇਕੋ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਸਕਦਾ, ਸਗੋ ਹਰ ਛੋਟੀ ਤੋਂ ਛੋਟੀ ਇਕਾਈ ਵੱਖਰੇ ਸੂਤਰ ਦੀ ਮੰਗ ਕਰਦੀ ਹੈ ।

ਰੋਲਾਂ ਬਾਰਤ ਦੁਆਰਾ ਪ੍ਰਸਤੁਤ ਪੰਜੇ ਕੋਡਾਂ ਦੇ ਅਧਿਐਨ ਲਈ ਵੀ ਨਿਕਟ-ਅਧਿਐਨ (Micro Study) ਅਨਿਵਾਰੀ ਹੋ ਗਿਆ । ਬਿਰਤਾਂਤ-ਸ਼ਾਸਤਰੀ ਐਪੇਸਨ ਅਨੁਸਾਰ ਕਿਸੇ ਵੱਡੇ ਕਾਵਿ-ਪ੍ਰਵਚਨ ਦਾ ਨਿੱਕਾ ਜਿਹਾ ਭਾਗ ਵੀ ਆਪਣੇ ਆਪ ਵਿੱਚ ਸਮੁੱਚ ਨੂੰ ਸਮੋਈ ਰੱਖਦਾ ਹੈ ਜਿਵੇਂ ਕਿ ਲਘੂ-ਜਗਤ (Microcosm) ਬ੍ਰਹਮੰਡੀ ਜਗਤ (Macrocosm) ਨੂੰ ਸਮੋਈ ਰਖਦਾ ਹੈ । ਇਹ ਗੱਲ ਗੁਰਬਾਣੀ ਦੇ ਮਹਾਂ-ਵਾਕ 'ਜੋ ਬ੍ਰਹਮੰਡੇ ਸੋਈ ਪਿੰਡੇ' ਅਨੁਸਾਰ ਵੀ ਸਹੀ ਹੈ । ਇਵੇ ਹੀ ਐਫ. ਆਰ. ਲੀਵਿਸ (F.R.Leavis) ਦੇ ਸਿਧਾਂਤ ਕਿ ਆਲੋਚਨਾ ਵਿੱਚ 'ਵੱਖਰੇ ਮੱਤ ਇਸ ਦਾ ਜੀਵਨ ਹੈ ਅਤੇ ਸਹਿਮਤੀ ਇਸਦੀ ਮੌਤ' ਨੇ ਵੀ ਕਿਸੇ ਹੱਦ ਤਕ ਮੇਰੇ ਵਿਚਾਰਾਂ ਨੂੰ ਸੰਜਮ ਅਧੀਨ ਉਡਾਣ ਭਰਨ ਦਾ ਅਵਸਰ ਪ੍ਰਦਾਨ ਕੀਤਾ ਹੈ।

ਇਉਂ ਇਨ੍ਹਾਂ ਤਿੰਨਾਂ ਕਾਵਿ-ਪ੍ਰਵਚਨਾਂ ਦਾ ਨਿਕਟ ਅਧਿਐਨ (Micro Study) ਕਰਕੇ ਦੀਰਘ ਨਤੀਜਿਆਂ (Macro Results) ਦੀ ਪ੍ਰਾਪਤੀ ਕਰਨਾ ਹੀ ਇਸ ਅਧਿਐਨ ਦੀ ਯਾਤਰਾ ਦਾ ਉਦੇਸ਼ ਹੈ ।

ਦੂਜੇ ਅਧਿਆਇ ਵਿੱਚ ਕਾਦਰਯਾਰ ਰਚਿਤ 'ਪੂਰਨ ਭਗਤ', ਤੀਜੇ ਅਧਿਆਇ ਵਿੱਚ ਪ੍ਰੋ. ਪੂਰਨ ਸਿੰਘ ਦੁਆਰਾ ਰਚਿਤ 'ਪੂਰਨ ਨਾਥ ਜੋਗੀ' ਅਤੇ ਚੌਥੇ ਅਧਿਆਇ ਵਿੱਚ ਸ਼ਿਵ ਕੁਮਾਰ ਦੁਆਰਾ ਰਚਿਤ 'ਲੂਣਾ' ਦਾ ਬਿਰਤਾਂਤ ਸ਼ਾਸਤਰੀ ਦ੍ਰਿਸ਼ਟੀ ਤੋਂ ਅਧਿਐਨ ਪ੍ਰਸਤੁਤ ਕੀਤਾ ਗਿਆ । ਇਸ ਸਮੁੱਚੇ ਅਧਿਐਨ ਉਪਰੰਤ ਪ੍ਰਾਪਤੀਆਂ ਦਾ ਵਿਸਤ੍ਰਤ ਉਲੇਖ ਹੈ ।

ਇਸ ਅਧਿਐਨ ਵਿੱਚ ਮੈਨੂੰ ਪ੍ਰੋ. (ਡਾ.) ਰਘਬੀਰ ਸਿੰਘ, ਸਾਬਕਾ ਚੇਅਰਮੈਨ ਪੰਜਾਬ ਯੂਨਿਵਰਸਿਟੀ, ਚੰਡੀਗੜ੍ਹ ਦੀ ਨਿਰੰਤਰ ਅਗਵਾਈ ਪ੍ਰਾਪਤ ਰਹੀ । ਉਨ੍ਹਾਂ ਨੂੰ ਮਿਲਣ ਲਈ ਮੈਨੂੰ ਕਦੀ ਵੀ ਪੂਰਵ ਨਿਰਧਾਰਿਤ ਸਮੇਂ ਦੀ ਰਸਮੀ ਲੋੜ ਮਹਿਸੂਸ ਨਹੀਂ ਹੋਈ । ਇਸ ਕਾਰਜ ਦੇ ਲੰਬੇ ਪੈਂਡੇ ਦੌਰਾਨ ਜਦੋਂ ਵੀ ਕਿਤੇ ਮੈਨੂੰ ਔਕੜ ਆਈ ਉਹਨਾਂ ਨੇ ਇਸ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਵਿੱਚ ਮੇਰੀ ਸਹਾਇਤਾ ਕੀਤੀ । ਮੈਂ ਉਨਾਂ ਦਾ ਸ਼ਬਦਾਂ ਰਾਹੀਂ ਧੰਨਵਾਦ ਕਰਨ ਤੋਂ ਅਸਮਰਥ ਹਾਂ ।

ਇਨ੍ਹਾਂ ਤੋਂ ਬਿਨਾ ਮੈਂ ਪੰਜਾਬ ਯੂਨੀਵਰਸਿਟੀ ਪੰਜਾਬੀ ਅਧਿਐਨ ਸਕੂਲ ਦੇ ਚੇਅਰਮੈਨ ਪ੍ਰੋ. (ਡਾ.) ਬਖ਼ਸ਼ੀਸ਼ ਸਿੰਘ, ਸਾਬਕਾ ਚੇਅਰਮੈਨ ਪ੍ਰੋ (ਡਾ.) ਓ. ਪੀ. ਵਸ਼ਿਸ਼ਟ, ਡਾ. ਸੁਰਿੰਦਰ ਦਵੇਸ੍ਵਰ, ਅਤੇ ਡਾ. ਬੀ. ਐਸ. ਸੋਮਲ ਜੀ ਦਾ ਵੀ ਉਨਾਂ ਵਲੋਂ ਮਿਲੇ ਅਸ਼ੀਰਵਾਦਾਂ ਲਈ ਆਭਾਰੀ ਹਾਂ । ਮੈਂ ਉਨਾਂ ਸਾਰੇ ਪੱਛਮੀ ਵਿਦਵਾਨਾਂ ਅਤੇ ਪੰਜਾਬੀ ਚਿੰਤਕਾਂ ਦਾ ਵੀ ਰਿਣੀ ਹਾਂ

ਜਿਨ੍ਹਾਂ ਦੀਆਂ ਆਲੋਚਨਾਤਮਕ ਪੁਸਤਕਾਂ, ਸੰਦਰਭ ਗ੍ਰੰਥਾਂ ਅਤੇ ਪੱਤ੍ਰਕਾਵਾਂ ਵਿੱਚ ਪ੍ਰਸਤੁਤ ਉਨ੍ਹਾਂ ਦੀਆਂ ਬਿਰਤਾਂਤ ਸ਼ਾਸਤਰ ਸੰਬੰਧੀ ਰਾਵਾਂ ਅਤੇ ਹਵਾਲਿਆਂ ਤੋਂ ਮੈਂ ਕਿਸੇ ਨਾ ਕਿਸੇ ਰੂਪ ਵਿੱਚ ਲਾਭ ਉਠਾਇਆ ਹੈ । ਮੈਂ ਆਪਣੀ ਪੂਜਨੀਯ ਮਾਤਾ ਜੀ, ਪੂਜਨੀਯ ਪਿਤਾ ਜੀ, ਭੈਣਾਂ, ਭਰਾਵਾਂ ਆਦਿ ਪਰਿਵਾਰ ਦੇ ਸਮੂਹ ਮੈਂਬਰਾਂ ਦਾ ਸ਼ੁਕਰ-ਗੁਜਾਰ ਹਾਂ ਜਿਨ੍ਹਾਂ ਨੇ ਮੈਨੂੰ ਇਸ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸਮਾਂ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ । ਇਨ੍ਹਾਂ ਤੋਂ ਬਿਨਾਂ ਮੈਂ ਸ੍ਰੀ ਸੰਦੀਪ ਕੁਮਾਰ ਗੁਪਤਾ, ਲੋਟਸ ਕੰਪਿਊਟਰ ਸੈਂਟਰ ਦਾ ਵੀ, ਸ਼ੋਧ ਪ੍ਰਬੰਧ ਨੂੰ ਕੰਪਿਊਟਰਾਈਜ਼ ਕਿਤ, ਧੰਨਵਾਦੀ ਹਾਂ ।

ਆਪਣੇ ਗੁਰੂਦੇਵ ਪਾਸੋਂ ਖੋਜ-ਕਾਰਜ ਵਿੱਚ ਲੱਗੇ ਇਸ ਜਾਗ ਤੋਂ ਦਹੀਂ ਜੰਮਿਆ ਤਾਂ ਮੈਨੂੰ ਵੀ ਮਹਿਸੂਸ ਹੁੰਦਾ ਹੈ ਪਰ ਇਸ ਦਹੀਂ ਨੂੰ ਆਲੋਚਨਾ ਦੀ ਚਾਟੀ ਵਿੱਚ ਰਿੜਕਕੇ ਕੁਝ ਮੱਖਣ ਨਿਕਾਲ ਵੀ ਸਕਿਆ ਹਾਂ ਜਾਂ ਨਹੀਂ-ਇਹ ਗੱਲ ਸੂਝਵਾਨ ਚਿੰਤਕਾਂ ਤੇ ਛੱਡਦਾ ਹੋਇਆ, ਮੈਂ ਇਕ ਨਿਮਾਣੇ ਵਿਦਿਆਰਥੀ ਦੇ ਰੂਪ ਵਿੱਚ ਇਸ ਸ਼ੋਧ-ਪ੍ਰਬੰਧ ਨੂੰ ਉਨ੍ਹਾਂ ਦੇ ਸਨਮੁੱਖ ਪ੍ਰਸਤੁਤ ਕਰਨ ਦਾ ਮਾਣ ਹਾਸਲ ਕਰਦਾ ਹਾਂ ।

ਅਮਨਦੀਪ ਵਾਤਿਸ਼

ਅਮਨਦੀਪ ਵਾਤਿਸ਼